# ਜ਼ਮੀਰ ਦੇ ਕੈਦੀ ਕੋਪਾ ਕੁੰਜਮ ਨੂੰ ਫੌਰਨ ਅਤੇ ਬੇ ਸ਼ਰਤ ਰਿਹਾ ਕਰੋ

ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਵਿਕਾਸ ਦਾ ਕੰਮ ਕਰਨ ਵਾਲੇ ਨੌਜਵਾਨ  ਕੋਪਾ ਕੁੰਜਮ ਨੂੰ ਸਰਕਾਰ ਨੇ ਪਿਛਲੇ ਅਠਾਰਾਂ ਮਹੀਨੇ ਤੋਂ ਛੱਤੀਸਗੜ੍ਹ ਦੀ ਇਕ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਉਹਦੇ ਖ਼ਿਲਾਫ਼ ਲਾਏ ਗਏ ਦੋਸ਼ ਬੇਬੁਨਿਆਦ ਹਨ ਤੇ ਹਾਲੇ ਤੱਕ ਸਰਕਾਰ ਕੋਈ ਵੀ ਯਕੀਨ ਯੋਗ ਸਬੂਤ ਨਹੀਂ ਪੇਸ਼ ਕਰ ਸਕੀ। ਅਸੀਂ ਸਮਝਦੇ ਹਾਂ ਕਿ ਉਸ ਨੂੰ ਸਿਆਸੀ ਕਾਰਨਾਂ ਕਰਕੇ ਬੰਦ ਕੀਤਾ ਹੋਇਆ ਹੈ।

ਛੱਤੀਸਗੜ੍ਹ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਮਨੁੱਖੀ ਹੱਕਾਂ ਦੇ ਕਾਰਕੁੰਨ, ਕੋਪਾ ਕੁੰਜਮ, ਜੋ ਕਿ ਦਾਂਤੇਵਾੜਾ ਦੀ ਇਕ ਗਾਂਧੀਵਾਦੀ ਜਥੇਬੰਦੀ `ਬਨਵਾਸੀ ਚੇਤਨਾ ਆਸ਼ਰਮ` ਨਾਲ ਕੰਮ ਕਰਦੇ ਹਨ, ਨੂੰ ਫੌਰੀ ਰਿਹਾ ਕਰੇ। ਉਹਨੂੰ ਦਸੰਬਰ 2009 ਵਿਚ ਸਲਵਾ ਜੁਡਮ ਦੇ ਆਗੂ ਪੁਨੇਮ ਹੰਗਾ ਦੇ ਕਤਲ ਦੇ ਇਲਜ਼ਾਮ ਵਿਚ ਫੜਿਆ ਗਿਆ ਸੀ। ਉਦੋਂ ਤੋਂ ਹੀ ਉਹ ਜੇਲ੍ਹ ਵਿਚ ਬੰਦ ਹੈ ਤੇ ਸਰੀਰਕ ਤਸੀਹੇ ਸਹਿ ਰਿਹਾ ਹੈ ਜਦਕਿ ਹਾਲੇ ਤੱਕ ਸਰਕਾਰ ਵਲੋਂ ਕੋਈ ਵੀ ਯਕੀਨ ਯੋਗ ਸਬੂਤ ਉਹਦੇ ਖ਼ਿਲਾਫ਼ ਪੇਸ਼ ਨਹੀਂ ਕੀਤਾ ਗਿਆ।ਐਮਨੈਸਟੀ ਇੰਟਰਨੈਸ਼ਨਲ ਨੇ ਵੀ ਕੁੰਜਮ ਦੀ ਫੌਰੀ ਰਿਹਾਈ ਲਈ ਅਪੀਲ ਕੀਤੀ ਸੀ। ਟਰਾਇਲ ਕੋਰਟ ਤੇ ਛੱਤੀਸਗੜ੍ਹ ਹਾਈ ਕੋਰਟ ਨੇ ਉਹਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿਤੀ ਹੋਈ ਤੇ ਇਸ ਦੀ ਅਪੀਲ ਦਾ ਕੇਸ ਹੁਣ ਸੁਪ੍ਰੀਮ ਕੋਰਟ ਦਾ ਫੈਸਲਾ ਉਡੀਕ ਰਿਹਾ ਹੈ।

ਕੋਪਾ ਕੁੰਜਮ ਦਾਂਤੇਵਾੜਾ ਦਾ ਆਦੀਵਾਸੀ ਕਾਰਕੁੰਨ ਹੈ ਤੇ ਮੁਕਾਮੀ ਮਸਲਿਆਂ ਤੇ ਲੋਕ ਸੰਘਰਸ਼ਾਂ ਵਿਚ ਚਿਰਾਂ ਤੋ ਸਰਗਰਮ ਹੈ ਜਿਵੇਂ ਕਿ ਸ਼ਰਾਬੀ ਪੁਣੇ ਦੇ ਖ਼ਿਲਾਫ਼ ਸੰਘਰਸ਼ ਆਦਿ। 1996 ਵਿਚ ਉਹ ਬਨਵਾਸੀ ਚੇਤਨਾ ਆਸ਼ਰਮ ਵਿਚ ਸ਼ਾਮਲ ਹੋ ਗਿਆ ਤੇ ਲੋਕਾਂ ਲਈ ਪਾਣੀ, ਸਫ਼ਾਈ ਅਤੇ ਵਿਕਾਸ ਦੇ ਕੰਮਾਂ ਵਿਚ ਹਿੱਸਾ ਲੈਂਦਾ ਰਿਹਾ ਹੈ। ਸਲਵਾ-ਜੁਦਮ ਅਤੇ ਸੁਰੱਖਿਆ ਬਲਾਂ ਦੇ ਹਮਲਿਆਂ ਕਰਕੇ ਉੱਜੜ ਗਏ 30 ਪਿੰਡਾਂ ਦੇ ਲੋਕਾਂ ਦੇ ਮੁੜ-ਵਸੇਵੇ ਦੇ ਕੰਮ ਵਿਚ ਵੀ ਉਹਨੇ ਵੱਧ ਚੜ੍ਹ ਕੇ ਹਿਸਾ ਪਾਇਆ ਸੀ ਕਿਉਂਕਿ ਛੱਤੀਸਗੜ੍ਹ ਦੀ ਸਰਕਾਰ ਨੇ ਸੁਪ੍ਰੀਮ ਕੋਰਟ ਦੇ 2008 ਦੇ ਉਸ ਫ਼ੈਸਲੇ ਤੇ ਕੋਈ ਵੀ ਅਮਲ ਨਹੀਂ ਸੀ ਕੀਤਾ ਕਿ ਉਹ ਸਲਵਾ-ਜੁਦਮ ਨੂੰ ਤੋੜ ਦੇਵੇ ਤੇ ਇਸਦੀ ਹਿੰਸਾ ਕਰਕੇ ਉੱਜੜੇ ਹੋਏ ਲੋਕਾਂ ਦੇ ਮੁੜ-ਵਸੇਵੇ ਦਾ ਬੰਦੋਬਸਤ ਕਰੇ।

ਕੋਪਾ ਕੁੰਜਮ ਨੇ ਹੇਠ ਲਿਖੇ ਕੇਸਾਂ ਵਿਚ ਪੁਲਿਸ ਤੇ ਸੁਰੱਖਿਆ ਬਲਾਂ ਵਲੋਂ ਮਨੁੱਖੀ ਹੱਕਾਂ ਦੀ ਉਲੰਘਣਾ ਕਲਮਬੰਦ ਕੀਤੀਃ-

੧. ਸਾਮਸੇਤੀ ਬਲਾਤਕਾਰਃ-2006 ਦਾਂਤੇਵਾੜਾ ਜ਼ਿਲ੍ਹੇ ਦੀਆਂ ਚਾਰ ਔਰਤਾਂ ਅਤੇ ਦੋ ਹੋਰ ਔਰਤਾਂ ਨਾਲ ਪੁਲਿਸ ਦੇ ਸਪੈਸ਼ਲ ਆਫ਼ੀਸਰਜ਼ ਨੇ ਸਮੂਹਿਕ ਤੌਰ ਤੇ ਬਲਾਤਕਾਰ ਕੀਤਾ ਸੀ ਜਿਹਦੀ ਸ਼ਕਾਇਤ ਅਦਾਲਤ ਵਿਚ ਦਰਜ ਕਰਾਉਣ ਵਿਚ ਕੋਪਾ ਨੇ 2009 ਵਿਚ ਇਹਨਾਂ ਪੀੜਤ ਔਰਤਾਂ ਦੀ ਮਦਦ ਕੀਤੀ ਸੀ।

੨. ਮਤਵਾੜਾ ਕਤਲਾਂਃ-18 ਮਾਰਚ 2008 ਨੂੰ ਸਲਵਾ-ਜੁਦਮ ਦੇ ਗੁੰਡਿਆਂ ਨੇ ਇਕ ਪੁਲਿਸ ਥਾਣੇ ਦੇ ਸਾਹਮਣੇ ਤੇ ਸੀ.ਆਰ.ਪੀ. ਦੇ ਕੈਂਪ ਦੇ ਬਿਲਕੁਲ ਲਾਗੇ ਤਿੰਨ ਆਦਿ-ਵਾਸੀ ਬੰਦਿਆਂ ਨੂੰ ਕਤਲ ਕਰ ਦਿਤਾ ਸੀ। ਕੋਪਾ ਨੇ ਇਨ੍ਹਾਂ ਦੀਆਂ ਵਿਧਵਾ ਔਰਤਾਂ ਦੀ ਹਾਈ-ਕੋਰਟ ਵਿਚ ਕੇਸ ਕਰਨ ਵਿਚ ਮਦਦ ਕੀਤੀ।

੩. ਸਿੰਗਾਰਾਮ ਕਤਲਾਮਃ- ਜਨਵਰੀ 2008 ਨੂੰ ਸਿੰਗਾਰਾਮ ਕਸਬੇ ਵਿਚ 19 ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਕੋਪਾ ਕੁੰਜਮ ਨੇ ਇਨ੍ਹਾਂ ਮਕਤੂਲਾਂ ਦੇ ਰਿਸ਼ਤੇਦਾਰਾਂ ਦੀ ਵੀ ਹਾਈ-ਕੋਰਟ ਵਿਚ ਪਟੀਸ਼ਨ ਦਾਇਰ ਕਰਨ ਵਿਚ ਮਦਦ ਕੀਤੀ।

੪. ਸੁਰੱਖਿਆ ਬਲਾਂ ਨੇ 17 ਸਤੰਬਰ 2009 ਨੂੰ ਗਚਪਾਲੀ ਪਿੰਡ ਦੇ ਛੇ ਵਸਨੀਕਾਂ ਨੂੰ ਕਤਲ ਕਰ ਦਿੱਤਾ ਸੀ ਤੇ ਇਕ ਅਕਤੂਬਰ 2009 ਨੂੰ ਗੋਂਪਚ ਪਿੰਡ 11 ਹੋਰ ਲੋਕਾਂ ਦੀ ਹੱਤਿਆ ਕਰ ਦਿਤੀ ਸੀ। ਬਨਵਾਸੀ ਆਸ਼ਰਮ ਨਾਲ ਰਲਕੇ ਕੋਪਾ ਕੁੰਜਮ ਨੇ ਇਨ੍ਹਾਂ ਕਤਲਾਂ ਦੀ ਤਫ਼ਤੀਸ਼ ਕੀਤੀ ਤੇ ਸੁਪ੍ਰੀਮ ਕੋਰਟ ਵਿਚ ਨਵੰਬਰ 2009 ਨੂੰ ਰਿਟ ਪਟੀਸ਼ਨ ਦਾਇਰ ਕੀਤੀ। ਸਰਕਾਰ ਵਲੋਂ ੬ ਜਨਵਰੀ 2010 ਬਾਰਾਂ ਪਟੀਸ਼ਨ ਗਾਇਬ ਕਰ ਦਿੱਤੇ ਗਏ ਜੋ ਕਿ ਅਦਾਲਤ ਹੁਕਮਾਂ ਦੀ ਮਜਬੂਰੀ ਕਰਕੇ ਹੀ ੧੨ ਫ਼ਰਵਰੀ 2010 ਨੂੰ ਅਦਾਲਤ ਵਿਚ ਪੇਸ਼ ਕੀਤੇ ਗਏ।

ਪੁਲਿਸ ਅਤੇ ਸਪੈਸ਼ਲ ਪੁਲਿਸ ਅਫ਼ਸਰਾਂ ਨੇ ਕੋਪਾ ਕੁੰਜਮ ਨੂੰ ਧਮਕੀਆਂ ਦੇ ਕੇ, ਕੁੱਟਮਾਰ ਕਰਕੇ ਅਤੇ ਪੈਸੇ ਦੇ ਕੇ ਚੁਪ ਕਰਾਉਣ ਦੀ ਵੀ ਬੜੀ ਕੋਸ਼ਿਸ਼ ਕੀਤੀ। ਪਰ ਜਦ ਇਹ ਹੱਥਕੰਡੇ ਕਾਮਯਾਬ ਨਾ ਹੋਏ ਤਾਂ ਕੋਪਾ ਨੂੰ ਫੜ ਲਿਆ ਗਿਆ ਤੇ ਕਤਲ ਦੇ ਝੂਠੇ ਮੁਕੱਦਮੇ ਵਿਚ ਫਸਾ ਕੇ ਜੇਲਬੰਦ ਕਰ ਦਿੱਤਾ ਗਿਆ।

ਕੋਪਾ ਉਨ੍ਹਾਂ ਕਾਰਕੂੰਨਾਂ ਵਿਚੋਂ ਹੈ ਜਿਨ੍ਹਾਂ ਨੇ ਸਰਕਾਰੀ ਛਤਰ-ਛਾਇਆ ਹੇਠਲੇ ਸੁਰੱਖਿਆ ਬਲਾਂ ਤੇ ਸਲਵਾ-ਜੁਡਮ ਵਲੋਂ ਛੱਤੀਸਗੜ੍ਹ ਦੇ ਇਲਾਕੇ ਵਿਚ ਲੋਕਾਂ ਦੇ ਹੱਕਾਂ ਦਾ ਘਾਣ ਕਰਨ ਦੀਆਂ ਘਟਨਾਵਾਂ ਦਾ ਪਾਜ ਖੋਲਿਆ। ਸੁਪ੍ਰੀਮ ਕੋਰਟ ਨੇ ਆਪਣੇ ਹਾਲੀਆ ਫੈਸਲੇ ਵਿਚ ਵੀ ਛੱਤੀਸਗੜ੍ਹ ਦੀ ਸਰਕਾਰ  ਨੂੰ ਝਾੜ ਪਾਉਂਦਿਆਂ ਕਿਹਾ ਹੈ ਕਿ ਸਰਕਾਰ ਵਲੋਂ ਸਿਵਲੀਅਨਾਂ ਨੂੰ ਹਥਿਆਰਬੰਦ ਕਰਨਾ ਤੇ ਮਨੁੱਖੀ ਹੱਕਾਂ ਲਈ ਲੜ ਰਹੇ ਕਾਰਕੁਨਾਂ ਨੂੰ ਤੰਗ ਕਰਨਾ ਗੈਰ ਕਾਨੂੰਨੀ ਕੰਮ ਹੈ ਤੇ ਇਸ ਬੰਦ ਕੀਤਾ ਜਾਵੇ। ਬਿਨਾਇਕ ਸੈਨ, ਸੁਖਨਾਥ ਓਇਮ,ਕਰਤਾਮ ਜੋਗਾ ਅਤੇ ਅਜੈ ਉਨ੍ਹਾਂ ਕਾਰਕੁਨਾਂ ਵਿਚੋਂ ਕੁਝ ਨਾਮ ਹਨ ਜੋ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਕਰਕੇ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵੇਚ ਬੰਦ ਕੀਤੇ ਗਏ ਸਨ। ਕੋਪਾ ਦੇ ਖ਼ਿਲਾਫ਼ ਸਰਕਾਰ ਕੋਈ ਵੀ ਠੋਸ ਸਬੂਤ ਪੇਸ਼ ਨਹੀਂ ਕਰ ਸਕੀ ਤੇ ਗਵਾਹ ਵੀ ਅਦਾਲਤਾਂ ਵਿਚ ਪੇਸ਼ ਨਹੀਂ ਹੋਏ।

ਅਸੀਂ ਮੰਗ ਕਰਦੇ ਹਾਂ ਕਿ ਕੋਪਾ ਕੁੰਜਮ ਤੇ ਹੋਰ ਬੇਕਸੂਰ ਕਾਰਕੁਨਾਂ ਨੂੰ ਫੌਰੀ ਰਿਹਾ ਕੀਤਾ ਜਾਵੇ। ਉਸ ਉੱਤੇ ਲਾਏ ਗਏ ਬੇਬੁਨਿਆਦ ਤੇ ਝੂਠੇ ਇਲਜ਼ਾਮ ਕਿਉਂ ਲਾਏ ਗਏ ਇਸ ਚੀਜ਼ ਦੀ ਤਹਿਕੀਕਾਤ ਕਰਾਈ ਜਾਵੇ ਤੇ ਇਹਦੇ ਜ਼ੁੰਮੇਵਾਰ ਅਫਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਸਰਕਾਰ ਇਹ ਯਕੀਨੀ ਬਣਾਏ ਕਿ ਲੋਕਾਂ ਦੇ ਮੁਖ਼ਾਲਫ਼ਤ ਕਰ ਸਕਣ ਦੇ ਹੱਕਾਂ ਉਲੰਘਣਾ ਕੋਈ ਨਾ ਕਰ ਸਕੇ।